NORTON ROSE FULBRIGHT

# 31 ਜਨਵਰੀ 2014 ਨੂੰ ਆਸਟ੍ਰੇਲੀਅਨ ਇਮੀਗ੍ਰੇਸ਼ਨ ਹਿਰਾਸਤ ਵਿੱਚ ਹੋਣ ਵਾਲੇ ਸਾਰੇ ਵਿਅਕਤੀਆਂ ਲਈ ਨੋਟਿਸ

## ਇਹ ਇੱਕ ਮਹੱਤਵਪੂਰਨ ਨੋਟਿਸ ਹੈ ਜੋ ਤੁਹਾਡੇ ਅਧਿਕਾਰਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ।

**ਇਹ ਨੋਟਿਸ ਹੇਠਾਂ ਦਿੱਤੀਆਂ ਭਾਸ਼ਾਵਾਂ ਵਿੱਚ ਇੱਥੇ ਉਪਲਬਧ ਹੈ: www.immigrationdatabreach.com.au.**

| | | | | | | |
|---|---|---|---|---|---|---|
| ਅਰਬੀ | ਅਜ਼ਰਬਾਈਜਾਨੀ (ਨੌਰਥ) | ਬੰਗਾਲੀ | ਬਰਮੀ | ਕੈਂਟੋਨੀਜ਼ | ਦਾਰੀ | ਹਜ਼ਾਰਾਗੀ |
| ਹਿੰਦੀ | ਇੰਡੋਨੇਸ਼ੀਆਈ | ਕੁਰਦਿਸ਼ (ਕੁਰਮਾਂਜੀ) | ਕੁਰਦਿਸ਼ (ਸੋਰਾਨੀ) | ਮੈਂਡਰਿਨ | ਪਸ਼ਤੋ | ਫਾਰਸੀ |
| ਪੰਜਾਬੀ | ਸਿੰਹਲੀ | ਸਿਲਹਟੀ | ਤਾਮਿਲ | ਉਰਦੂ | ਉਜ਼ਬੇਕ | ਵੀਅਤਨਾਮੀ |

## 1 ਇਹ ਨੋਟਿਸ ਕਿਸ ਚੀਜ਼ ਬਾਰੇ ਹੈ?

*ਡਾਟਾ ਉਲੰਘਣਾ ਦੇ ਪਿਛੋਕੜ ਬਾਰੇ*

1.1 ਇਹ ਨੋਟਿਸ *(notice)* Department of Immigration and Border Protection ਦੀ ਵੈੱਬਸਾਈਟ ਰਾਹੀਂ ਹੋਈ ਇੱਕ ਡੇਟਾ ਉਲੰਘਣਾ ਨਾਲ ਸੰਬੰਧਿਤ ਹੈ, ਜਿਸ ਦਾ ਨਾਮ ਹੁਣ Department of Home Affairs (**ਇਹ ਵਿਭਾਗ**) ਹੋ ਗਿਆ ਹੈ।

1.2 10 ਫਰਵਰੀ 2014 ਨੂੰ, ਉਸ ਵੈੱਬਸਾਈਟ 'ਤੇ ਇੱਕ ਸਪ੍ਰੈਡਸ਼ੀਟ ਪ੍ਰਕਾਸ਼ਿਤ ਕੀਤੀ ਗਈ ਸੀ ਜਿਸ ਵਿੱਚ ਲਗਭਗ 9,000 ਵਿਅਕਤੀਆਂ ਦੀ ਨਿੱਜੀ ਜਾਣਕਾਰੀ ਸ਼ਾਮਲ ਸੀ। ਉਹ ਵਿਅਕਤੀ ਇਮੀਗ੍ਰੇਸ਼ਨ ਜਾਂ ਨਜ਼ਰਬੰਦੀ ਦੀਆਂ ਹੋਰ ਥਾਵਾਂ 'ਤੇ ਸਨ। ਇਸ ਸਪ੍ਰੈਡਸ਼ੀਟ ਨੂੰ ਵੈੱਬਸਾਈਟ 'ਤੇ ਪ੍ਰਕਾਸ਼ਿਤ ਨਹੀਂ ਕੀਤਾ ਜਾਣਾ ਚਾਹੀਦਾ ਸੀ। ਇਹ ਇੱਕ ਹਾਦਸਾ ਸੀ। ਨਿੱਜੀ ਜਾਣਕਾਰੀ, ਜਿਵੇਂ ਕਿ ਤੁਹਾਡਾ ਨਾਮ ਅਤੇ ਪਤੇ ਦੇ ਹਾਦਸਾ ਮਈ ਪ੍ਰਕਾਸ਼ਨ ਨੂੰ ਡੇਟਾ ਉਲੰਘਣਾ (*Data Breach*) ਕਿਹਾ ਜਾਂਦਾ ਹੈ।

1.3 ਇਸ ਨਿੱਜੀ ਜਾਣਕਾਰੀ ਨੂੰ ਵਿਭਾਗ ਦੀ ਵੈੱਬਸਾਈਟ ਤੋਂ 19 ਫਰਵਰੀ 2014 ਨੂੰ ਹਟਾ ਦਿੱਤਾ ਗਿਆ ਸੀ ਅਤੇ 27 ਫਰਵਰੀ 2014 ਨੂੰ ਵਿਭਾਗ ਦੀ ਵੈੱਬਸਾਈਟ ਦੇ ਪੁਰਾਣੇ ਸੰਸਕਰਣ ਤੋਂ ਹਟਾ ਦਿੱਤਾ ਗਿਆ ਸੀ।

*ਇਸ ਬਾਰੇ Office of the Australian Information Commissioner ਨੂੰ ਸ਼ਿਕਾਇਤ ਕੀਤੀ ਗਈ।*

1.4 30 ਅਗਸਤ 2015 ਨੂੰ, ਡੇਟਾ ਉਲੰਘਣਾ ਤੋਂ ਪ੍ਰਭਾਵਿਤ ਸਾਰੇ ਵਿਅਕਤੀਆਂ ਦੀ ਤਰਫੋਂ Office of the Australian Information Commissioner (OAIC) ਨੂੰ ਸ਼ਿਕਾਇਤ ਕੀਤੀ ਗਈ ਸੀ। ਆਸਟ੍ਰੇਲੀਅਨ ਸੂਚਨਾ ਕਮਿਸ਼ਨਰ ਨੇ ਸ਼ਿਕਾਇਤ ਦੀ ਜਾਂਚ ਕੀਤੀ।

1.5 24 ਜਨਵਰੀ 2018 ਨੂੰ, OAIC ਨੇ ਉਹਨਾਂ ਸਾਰੇ ਵਿਅਕਤੀਆਂ ਨੂੰ ਇੱਕ ਨੋਟਿਸ (ਇਸ ਤਰ੍ਹਾਂ ਦਾ) ਜਾਰੀ ਕੀਤਾ ਜੋ ਡਾਟਾ ਉਲੰਘਣਾ ਦੁਆਰਾ ਪ੍ਰਭਾਵਿਤ ਹੋਏ ਹੋ ਸਕਦੇ ਹਨ (**ਪਹਿਲਾ ਨੋਟਿਸ**)। ਪਹਿਲੇ ਨੋਟਿਸ ਵਿੱਚ ਇਸ ਡੇਟਾ ਉਲੰਘਣਾ ਦੇ ਪਾਏ ਪ੍ਰਭਾਵ ਬਾਰੇ ਜਾਣਕਾਰੀ ਮੰਗੀ ਗਈ ਸੀ।


© Norton Rose Fulbright Australia

1.6 11 ਜਨਵਰੀ 2021 ਨੂੰ, ਆਸਟ੍ਰੇਲੀਆਈ ਸੂਚਨਾ ਕਮਿਸ਼ਨਰ ਨੇ ਫ਼ੈਸਲਾ ਕੀਤਾ ਕਿ:

(1) ਡੇਟਾ ਉਲੰਘਣਾ ਦੇ ਨਤੀਜੇ ਵਜੋਂ, ਵਿਭਾਗ ਨੇ ਇਸ ਡੇਟਾ ਉਲੰਘਣਾ ਤੋਂ ਪ੍ਰਭਾਵਿਤ ਵਿਅਕਤੀਆਂ ਦੀ ਨਿੱਜਤਾ ਵਿੱਚ ਦਖ਼ਲਅੰਦਾਜ਼ੀ ਕੀਤੀ ਹੈ; ਅਤੇ

(2) ਡੇਟਾ ਉਲੰਘਣਾ ਤੋਂ ਪ੍ਰਭਾਵਿਤ ਲੋਕ ਡੇਟਾ ਉਲੰਘਣਾ ਦੇ ਨਤੀਜੇ ਵਜੋਂ ਹੋਏ ਘਾਟੇ ਜਾਂ ਨੁਕਸਾਨ ਲਈ ਮੁਆਵਜ਼ਾ ਪ੍ਰਾਪਤ ਕਰਨ ਦੇ ਹੱਕਦਾਰ ਹਨ।

1.7 ਆਸਟ੍ਰੇਲੀਆਈ ਸੂਚਨਾ ਕਮਿਸ਼ਨਰ ਦੇ ਇਸ ਫ਼ੈਸਲੇ ਬਾਰੇ *Administrative Appeals Tribunal (AAT*) ਕੋਲ ਅਪੀਲ ਕੀਤੀ ਗਈ ਸੀ। 13 ਸਤੰਬਰ 2023 ਨੂੰ, AAT ਨੇ ਇੱਕ ਨਵੀਂ ਪ੍ਰਕਿਰਿਆ ਗਠਿਤ ਕੀਤੀ ਜਿਸ ਦੁਆਰਾ ਡੇਟਾ ਉਲੰਘਣਾ ਤੋਂ ਪ੍ਰਭਾਵਿਤ ਵਿਅਕਤੀਆਂ ਦੇ ਮੁਆਵਜ਼ੇ ਦਾ ਮੁਲਾਂਕਣ ਕੀਤਾ ਜਾਵੇਗਾ। ਇਸ ਪ੍ਰਕਿਰਿਆ ਨੂੰ ਮੁਆਵਜ਼ਾ ਮੁਲਾਂਕਣ ਯੋਜਨਾ ਕਿਹਾ ਜਾਂਦਾ ਹੈ।

*ਮੁਆਵਜ਼ਾ ਮੁਲਾਂਕਣ ਸਕੀਮ (Compensation Assessment Scheme)*

1.8 AAT ਦੇ ਫ਼ੈਸਲੇ ਦੇ ਅਨੁਸਾਰ, ਕਾਨੂੰਨੀ ਅਦਾਰੇ Norton Rose Fulbright Australia (**NRFA**) ਨੂੰ ਡਾਟਾ ਉਲੰਘਣਾ ਤੋਂ ਪ੍ਰਭਾਵਿਤ ਵਿਅਕਤੀਆਂ ਨੂੰ ਦਿੱਤੇ ਜਾਣ ਵਾਲੇ ਮੁਆਵਜ਼ੇ ਦਾ ਸੁਤੰਤਰ ਤੌਰ 'ਤੇ ਮੁਲਾਂਕਣ ਕਰਨ ਲਈ ਨਿਯੁਕਤ ਕੀਤਾ ਗਿਆ ਹੈ।

1.9 ਇਹ ਨੋਟਿਸ ਮੁਆਵਜ਼ਾ ਮੁਲਾਂਕਣ ਯੋਜਨਾ ਦਾ ਪਹਿਲਾ ਕਦਮ ਹੈ।

## 2 ਮੈਨੂੰ ਕੀ ਕਰਨ ਦੀ ਲੋੜ ਹੈ?

2.1 ਜੇਕਰ ਤੁਹਾਨੂੰ ਇਸ ਡੇਟਾ ਉਲੰਘਣਾ ਦੇ ਨਤੀਜੇ ਵਜੋਂ ਕੋਈ ਘਾਟਾ ਜਾਂ ਨੁਕਸਾਨ ਨਹੀਂ ਹੋਇਆ ਹੈ, ਤਾਂ ਤੁਸੀਂ ਮੁਆਵਜ਼ੇ ਦੇ ਹੱਕਦਾਰ ਨਹੀਂ ਹੋਵੋਗੇ। ਤੁਹਾਨੂੰ ਇਸ ਨੋਟਿਸ ਦਾ ਜਵਾਬ ਦੇਣ ਦੀ ਲੋੜ ਨਹੀਂ ਹੈ।

2.2 ਜੇਕਰ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਇਸ ਡੇਟਾ ਉਲੰਘਣਾ ਹੋਣ ਦੇ ਸਿੱਟੇ ਵਜੋਂ ਤੁਹਾਨੂੰ ਘਾਟਾ ਜਾਂ ਨੁਕਸਾਨ ਹੋਇਆ ਹੈ, ਜਾਂ ਜੇਕਰ ਤੁਹਾਨੂੰ ਇਸ ਬਾਰੇ ਪੂਰਾ ਪੱਕਾ ਪਤਾ ਨਹੀਂ ਹੈ, ਅਤੇ ਤੁਸੀਂ ਮੁਆਵਜ਼ਾ ਮੁਲਾਂਕਣ ਯੋਜਨਾ ਦੇ ਤਹਿਤ ਮੁਆਵਜ਼ੇ ਦਾ ਦਾਅਵਾ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ ਔਨਲਾਈਨ ਜਵਾਬ ਫਾਰਮ (***Response Form***) ਭਰ ਕੇ ਇਸ ਨੋਟਿਸ ਦਾ ਜਵਾਬ ਲਾਜ਼ਮੀ ਦੇਣਾ ਚਾਹੀਦਾ ਹੈ ਜੋ ਕਿ ਇਸ ਲਿੰਕ 'ਤੇ ਉਪਲਬਧ ਹੈ: **www.immigrationdatabreach.com.au**. ਕਿਰਪਾ ਕਰਕੇ ਘਾਟੇ ਜਾਂ ਨੁਕਸਾਨ ਦੀਆਂ ਉਦਾਹਰਨਾਂ ਲਈ ਹੇਠਾਂ ਪੈਰ੍ਹਾਂ ਨੰਬਰ 6 ਦੇਖੋ।

2.3 ਜੇਕਰ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਇਸ ਡੇਟਾ ਉਲੰਘਣਾ ਹੋਣ ਦੇ ਸਿੱਟੇ ਵਜੋਂ ਤੁਹਾਨੂੰ ਘਾਟਾ ਜਾਂ ਨੁਕਸਾਨ ਹੋਇਆ ਹੈ ਪਰ ਤੁਸੀਂ ਮੁਆਵਜ਼ਾ ਮੁਲਾਂਕਣ ਯੋਜਨਾ ਵਿੱਚ ਹਿੱਸਾ ਨਹੀਂ ਲੈਣਾ ਚਾਹੁੰਦੇ ਹੋ, ਤਾਂ ਤੁਹਾਡਾ ਇਸ ਨੋਟਿਸ ਦੇ ਜਵਾਬ ਵਿੱਚ ਔਪਟ-ਆਊਟ (ਬਾਹਰ ਹੋਣਾ) ਕਰਨਾ ਲਾਜ਼ਮੀ ਹੈ। ਇਹ ਜਵਾਬ ਫਾਰਮ ਤੁਹਾਨੂੰ '*opt-out*' ਵਿਕਲਪ ਚੁਣਨ ਦੀ ਆਗਿਆ ਦਿੰਦਾ ਹੈ। ਇਸ ਮੁਆਵਜ਼ਾ ਮੁਲਾਂਕਣ ਯੋਜਨਾ ਤੋਂ ਬਾਹਰ ਹੋਣ ਦੇ ਨਤੀਜਿਆਂ ਬਾਰੇ ਹੋਰ ਜਾਣਕਾਰੀ ਲਈ ਕਿਰਪਾ ਕਰਕੇ ਹੇਠਾਂ ਪੈਰ੍ਹਾ ਨੰਬਰ 3 ਦੇਖੋ।

2.4 ਤੁਹਾਡੇ ਦੁਆਰਾ ਇਸ ਫਾਰਮ ਵਿੱਚ ਦਿੱਤੀ ਗਈ ਜਾਣਕਾਰੀ NRFA ਨੂੰ ਭੇਜੀ ਜਾਵੇਗੀ। ਜੇਕਰ ਤੁਹਾਡੇ ਕੋਲ ਭਰੋਸੇਯੋਗ ਇੰਟਰਨੈੱਟ ਕੁਨੈਕਸ਼ਨ ਤੱਕ ਪਹੁੰਚ ਨਹੀਂ ਹੈ, ਤਾਂ ਤੁਸੀਂ ਜਵਾਬ ਫਾਰਮ ਦੀ ਇੱਕ ਕਾਗਜ਼ੀ ਕਾਪੀ ਵੀ ਭਰ ਸਕਦੇ ਹੋ ਅਤੇ ਆਪਣੇ ਜਵਾਬ ਨੂੰ ਡਾਕ ਰਾਹੀਂ Compensation Assessment Scheme, Norton Rose Fulbright Australia, Level 6, 60 Martin Place, SYDNEY, NSW 2000 ਨੂੰ ਭੇਜ ਸਕਦੇ ਹੋ। ਕਿਰਪਾ ਕਰਕੇ NRFA ਨਾਲ ਈਮੇਲ ਰਾਹੀਂ auscas@nortonrosefulbright.com 'ਤੇ ਸੰਪਰਕ ਕਰਕੇ ਜਾਂ (02) 9330 8006 'ਤੇ ਫ਼ੋਨ ਕਰਕੇ ਜਵਾਬ ਫ਼ਾਰਮ ਦੀ ਕਾਗਜ਼ੀ ਕਾਪੀ ਪ੍ਰਾਪਤ ਕਰਨ ਲਈ ਬੇਨਤੀ ਕਰੋ।


© Norton Rose Fulbright Australia

2.5 ਤੁਹਾਨੂੰ ਲਾਜ਼ਮੀ ਤੌਰ 'ਤੇ **10 ਜੂਨ 2024 (ਇਸਦੀ ਅੰਤਿਮ ਤਾਰੀਖ਼) ਨੂੰ ਸ਼ਾਮ 4 ਵਜੇ ਤੱਕ** ਇਸ ਨੋਟਿਸ ਦਾ ਜਵਾਬ ਦੇਣਾ ਚਾਹੀਦਾ ਹੈ। ਤੁਸੀਂ ਜਵਾਬ ਦੇਣ ਲਈ ਸਮਾਂ ਵਧਾਉਣ ਦੀ ਬੇਨਤੀ ਕਰ ਸਕਦੇ ਹੋ, ਹਾਲਾਂਕਿ ਇਸ ਗੱਲ ਦੀ ਕੋਈ ਗਾਰੰਟੀ ਨਹੀਂ ਹੈ ਕਿ ਤੁਹਾਨੂੰ ਵੱਧ ਸਮੇਂ ਦੀ ਮੋਹਲਤ ਮਿਲੇਗੀ।

2.6 ਸਮਾਂ ਵਧਾਉਣ ਲਈ ਕੀਤੀਆਂ ਸਾਰੀਆਂ ਬੇਨਤੀਆਂ auscas@nortonrosefulbright.com 'ਤੇ ਈਮੇਲ ਰਾਹੀਂ ਜਾਂ ਡਾਕ ਰਾਹੀਂ Compensation Assessment Scheme, Norton Rose Fulbright Australia, Level 6, 60 Martin Place, SYDNEY, NSW 2000 'ਤੇ ਰਜਿਸਟਰਡ ਪੋਸਟ ਰਾਹੀਂ ਭੇਜੀਆਂ ਜਾਣੀਆਂ ਚਾਹੀਦੀਆਂ ਹਨ। ਤੁਸੀਂ NRFA ਨਾਲ 02 9330 8006 'ਤੇ ਫ਼ੋਨ ਰਾਹੀਂ ਸੰਪਰਕ ਕਰਕੇ ਵੀ ਸਮਾਂ ਵਧਾਉਣ ਦੀ ਬੇਨਤੀ ਕਰ ਸਕਦੇ ਹੋ।

2.7 **ਜੇਕਰ ਤੁਸੀਂ ਪਹਿਲੇ ਨੋਟਿਸ ਦਾ ਜਵਾਬ ਨਹੀਂ ਦਿੱਤਾ ਸੀ ਅਤੇ ਦੱਸੀ ਗਈ ਅੰਤਿਮ ਤਾਰੀਖ਼ ਤੱਕ ਇਸ ਨੋਟਿਸ ਦਾ ਜਵਾਬ ਵੀ ਜਵਾਬ ਨਹੀਂ ਦਿੰਦੇ ਹੋ (ਅਤੇ ਵੱਧ ਸਮਾਂ ਲੈਣ ਦੀ ਮੰਗ ਵੀ ਨਹੀਂ ਕਰਦੇ ਹੋ), ਤਾਂ ਤੁਹਾਨੂੰ ਇਸ ਡੇਟਾ ਉਲੰਘਣਾ ਦੇ ਨਤੀਜੇ ਵਜੋਂ ਹੋਏ ਕਿਸੇ ਵੀ ਘਾਟੇ ਜਾਂ ਨੁਕਸਾਨ ਲਈ ਮੁਆਵਜ਼ਾ ਨਹੀਂ ਮਿਲੇਗਾ।**

## 3 ਇਸ ਮੁਆਵਜ਼ਾ ਮੁਲਾਂਕਣ ਯੋਜਨਾ ਵਿੱਚੋਂ 'ਔਪਟ-ਆਊਟ' ਕਰਨ ਦਾ ਕੀ ਮਤਲਬ ਹੈ?

3.1 ਕਿਰਪਾ ਕਰਕੇ ਧਿਆਨ ਰੱਖੋ ਕਿ ਜੇਕਰ ਤੁਸੀਂ ਇਸ ਮੁਆਵਜ਼ਾ ਮੁਲਾਂਕਣ ਯੋਜਨਾ ਦੇ ਤਹਿਤ ਮੁਆਵਜ਼ਾ ਪ੍ਰਾਪਤ ਕਰਦੇ ਹੋ ਤਾਂ ਕਿਸੇ ਵੀ ਹੋਰ ਤਰੀਕਿਆਂ ਰਾਹੀਂ ਇਸ ਡੇਟਾ ਉਲੰਘਣਾ ਲਈ ਮੁਆਵਜ਼ਾ ਲੈਣ ਦੇ ਤੁਹਾਡੇ ਸਾਰੇ ਕਾਨੂੰਨੀ ਅਧਿਕਾਰ (ਅਦਾਲਤ ਦੀ ਕਾਰਵਾਈ ਸ਼ੁਰੂ ਕਰਨ ਸਮੇਤ) **ਖ਼ਤਮ ਹੋ ਜਾਂਦੇ** ਹਨ।

3.2 ਅਜਿਹਾ ਇਸ ਲਈ ਹੈ ਕਿਉਂਕਿ ਇਹ ਮੁਆਵਜ਼ਾ ਮੁਲਾਂਕਣ ਯੋਜਨਾ ਦਾ ਉਦੇਸ਼ ਤੁਹਾਡੇ ਦਾਅਵੇ ਦਾ ਨਿਰਪੱਖਤਾ ਨਾਲ ਮੁਲਾਂਕਣ ਕਰਨਾ ਹੈ ਅਤੇ ਫਿਰ ਤੁਹਾਡੇ ਅਤੇ ਵਿਭਾਗ ਵਿਚਕਾਰਲੇ ਕਿਸੇ ਵੀ ਵਿਵਾਦ ਨੂੰ ਸਮਾਪਤ ਕਰਨਾ ਹੈ।

3.3 ਜੇਕਰ ਤੁਸੀਂ ਇਸ ਮੁਆਵਜ਼ਾ ਮੁਲਾਂਕਣ ਯੋਜਨਾ ਤੋਂ ਬਾਹਰ ਆਪਣੇ ਕਾਨੂੰਨੀ ਅਧਿਕਾਰਾਂ ਦੀ ਪੈਰਵੀ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ ਇਸ ਨੋਟਿਸ ਦਾ ਜਵਾਬ ਦੇ ਕੇ ਅਤੇ ਜਵਾਬ ਫਾਰਮ ਵਿੱਚ 'ਔਪਟ-ਆਊਟ' ਵਿਕਲਪ ਦੀ ਚੋਣ ਕਰਕੇ ਲਾਜ਼ਮੀ ਤੌਰ 'ਤੇ ਇਸ ਮੁਆਵਜ਼ਾ ਮੁਲਾਂਕਣ ਯੋਜਨਾ ਤੋਂ ਬਾਹਰ ਹੋਣਾ ਚਾਹੀਦਾ ਹੈ। ਇਸ ਤੋਂ ਪਹਿਲਾਂ ਕਿ ਤੁਸੀਂ ਔਪਟ-ਆਊਟ ਕਰਨ ਦਾ ਫ਼ੈਸਲਾ ਕਰੋ, ਅਸੀਂ ਤੁਹਾਨੂੰ ਇਸ ਫ਼ੈਸਲੇ ਬਾਰੇ ਆਪਣੀ ਕਾਨੂੰਨੀ ਸਲਾਹ ਲੈਣ ਲਈ ਉਤਸ਼ਾਹਿਤ ਕਰਦੇ ਹਾਂ, ਜਿਸ ਵਿੱਚ ਦਾਅਵਿਆਂ ਦੀਆਂ ਲਾਗਤਾਂ ਅਤੇ ਹੋਰ ਕਿਸਮ ਦੀਆਂ ਮੁਸ਼ਕਲਾਂ ਸਮੇਤ, ਇਹ ਵੀ ਸ਼ਾਮਲ ਹੈ ਕਿ ਕੀ ਹੁਣ ਡਾਟਾ ਉਲੰਘਣਾ ਹੋਣ ਤੋਂ ਬਾਅਦ ਇਸ ਮੁਆਵਜ਼ਾ ਮੁਲਾਂਕਣ ਯੋਜਨਾ ਤੋਂ ਬਾਹਰ ਕੀਤੇ ਜਾਣ ਵਾਲੇ ਦਾਅਵੇ ਲਈ ਬਹੁਤ ਜ਼ਿਆਦਾ ਸਮਾਂ ਬੀਤ ਗਿਆ ਹੈ।

## 4 ਜੇਕਰ ਮੈਂ ਪਹਿਲੇ ਨੋਟਿਸ ਦੇ ਜਵਾਬ ਵਿੱਚ ਪਹਿਲਾਂ ਹੀ ਜਾਣਕਾਰੀ ਪ੍ਰਦਾਨ ਕਰ ਦਿੱਤੀ ਹੈ ਤਾਂ ਕੀ ਹੋਵੇਗਾ?

4.1 ਜੇਕਰ ਤੁਸੀਂ ਪਹਿਲੇ ਨੋਟਿਸ ਦੇ ਜਵਾਬ ਵਿੱਚ ਜਾਣਕਾਰੀ ਪ੍ਰਦਾਨ ਕਰ ਚੁੱਕੇ ਹੋ, ਤਾਂ ਇਹ ਜਾਣਕਾਰੀ ਉਦੋਂ ਵਿਚਾਰੀ ਜਾਵੇਗੀ ਜਦੋਂ NRFA ਉਸ ਮੁਆਵਜ਼ੇ ਦਾ ਮੁਲਾਂਕਣ ਕਰੇਗਾ ਜਿਸ ਦੇ ਤੁਸੀਂ ਹੱਕਦਾਰ ਹੋ ਸਕਦੇ ਹੋ। ਤੁਹਾਨੂੰ ਉਹੀ ਜਾਣਕਾਰੀ ਦੁਬਾਰਾ ਪ੍ਰਦਾਨ ਕਰਨ ਦੀ ਲੋੜ ਨਹੀਂ ਹੈ।

4.2 ਜੇਕਰ ਤੁਸੀਂ ਇਸ ਨੋਟਿਸ ਦੇ ਜਵਾਬ ਵਿੱਚ ਕੋਈ ਨਵੀਂ ਜਾਂ ਵਾਧੂ ਜਾਣਕਾਰੀ ਪ੍ਰਦਾਨ ਕਰਨਾ ਚਾਹੁੰਦੇ ਹੋ, ਤਾਂ ਇਹ ਜ਼ਰੂਰੀ ਹੈ ਕਿ ਤੁਸੀਂ ਇਸਨੂੰ ਅੰਤਿਮ ਤਾਰੀਖ਼ ਤੱਕ ਪ੍ਰਦਾਨ ਕਰ ਦੇਵੋ।


© Norton Rose Fulbright Australia

## 5 ਜੇਕਰ ਮੈਂ ਪਹਿਲੇ ਨੋਟਿਸ ਦਾ ਜਵਾਬ ਨਹੀਂ ਦਿੱਤਾ ਹੈ ਤਾਂ ਕੀ ਹੋਵੇਗਾ?

5.1 ਹੁਣ ਤੁਹਾਡੇ ਕੋਲ NRFA ਨੂੰ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕਰਨ ਦਾ ਇੱਕ ਹੋਰ ਮੌਕਾ ਹੈ।

5.2 ਹਾਲਾਂਕਿ, ਤੁਹਾਨੂੰ ਇਹ ਦੱਸਣ ਦੀ ਲੋੜ ਪਵੇਗੀ ਕਿ ਤੁਸੀਂ ਪਹਿਲੇ ਨੋਟਿਸ ਦਾ ਜਵਾਬ ਕਿਉਂ ਨਹੀਂ ਦਿੱਤਾ ਸੀ। NRFA ਫਿਰ ਇਸ ਗੱਲ ਦਾ ਮੁਲਾਂਕਣ ਕਰੇਗਾ ਕਿ ਕੀ ਤੁਸੀਂ ਇਸ ਮੁਆਵਜ਼ਾ ਮੁਲਾਂਕਣ ਯੋਜਨਾ ਵਿੱਚ ਹਿੱਸਾ ਲੈਣ ਦੇ ਹੱਕਦਾਰ ਹੋ ਜਾਂ ਨਹੀਂ।

5.3 ਤੁਸੀਂ ਪਹਿਲੇ ਨੋਟਿਸ ਦਾ ਜਵਾਬ ਕਿਉਂ ਨਹੀਂ ਦਿੱਤਾ ਸੀ ਉਸ ਨਾਲ ਸੰਬੰਧਿਤ ਜਾਣਕਾਰੀ ਵਿੱਚ ਇਹ ਜਾਣਕਾਰੀ ਸ਼ਾਮਲ ਹੋ ਸਕਦੀ ਹੈ:

(1) ਇਸ ਗੱਲ ਦਾ ਸਬੂਤ ਕਿ ਤੁਹਾਨੂੰ ਪਹਿਲਾ ਨੋਟਿਸ ਪ੍ਰਾਪਤ ਨਹੀਂ ਹੋਇਆ;

(2) ਇਸ ਗੱਲ ਦਾ ਸਬੂਤ ਕਿ OAIC ਦੁਆਰਾ ਤੁਹਾਡਾ ਜਵਾਬ ਸਹੀ ਢੰਗ ਨਾਲ ਪ੍ਰਾਪਤ ਨਹੀਂ ਕੀਤਾ ਗਿਆ ਸੀ;

(3) ਇਹ ਦੱਸਦਾ ਹੋਇਆ ਇੱਕ ਲਿਖਤੀ ਬਿਆਨ ਕਿ ਤੁਸੀਂ ਗ਼ਲਤ ਸਮਝ ਗਏ ਸੀ ਕਿ ਸ਼ਾਇਦ ਤੁਸੀਂ ਮੁਆਵਜ਼ੇ ਦੇ ਹੱਕਦਾਰ ਨਹੀਂ ਹੋ;

(4) ਇਹ ਦੱਸਦਾ ਹੋਇਆ ਇੱਕ ਲਿਖਤੀ ਬਿਆਨ ਕਿ ਤੁਸੀਂ ਪਹਿਲੇ ਨੋਟਿਸ ਨੂੰ ਸਮਝਿਆ ਨਹੀਂ ਸੀ ਜਾਂ ਨਹੀਂ ਜਾਣਦੇ ਸੀ ਕਿ ਉਸਦਾ ਜਵਾਬ ਕਿਵੇਂ ਦੇਣਾ ਹੈ; ਜਾਂ

(5) ਇਹ ਦੱਸਦਾ ਹੋਇਆ ਇੱਕ ਲਿਖਤੀ ਬਿਆਨ ਕਿ ਹੋਰ ਹਾਲਤਾਂ (ਡਾਕਟਰੀ ਬਿਮਾਰੀ, ਵਿੱਤੀ ਮੁਸ਼ਕਲਾਂ, ਜਾਂ ਪਰਿਵਾਰਕ ਮੈਂਬਰਾਂ ਲਈ ਦੇਖਭਾਲ ਦੀਆਂ ਜ਼ਿੰਮੇਵਾਰੀਆਂ ਸਮੇਤ) ਨੇ ਤੁਹਾਨੂੰ ਪਹਿਲੇ ਨੋਟਿਸ ਦਾ ਜਵਾਬ ਦੇਣ ਤੋਂ ਰੋਕਿਆ ਹੈ।

## 6 ਮੈਂ ਕਿਸ ਕਿਸਮ ਦੇ ਘਾਟੇ ਜਾਂ ਨੁਕਸਾਨ ਲਈ ਮੁਆਵਜ਼ਾ ਪ੍ਰਾਪਤ ਕਰਨ ਦੇ ਯੋਗ ਹੋਵਾਂਗਾ/ਗੀ?

6.1 ਇਹ ਮੁਆਵਜ਼ਾ ਮੁਲਾਂਕਣ ਯੋਜਨਾ ਤੁਹਾਨੂੰ ਇਹਨਾਂ ਲਈ ਮੁਆਵਜ਼ਾ ਦੇ ਸਕਦੀ ਹੈ:

(1) ਆਰਥਿਕ ਘਾਟੇ ਜਾਂ ਨੁਕਸਾਨ ***(Economic Loss)***; ਅਤੇ

(2) ਗ਼ੈਰ-ਆਰਥਿਕ ਘਾਟੇ ਜਾਂ ਨੁਕਸਾਨ ***(Non-Economic Loss)*** ।

6.2 ਇਹ ਮੁਆਵਜ਼ਾ ਮੁਲਾਂਕਣ ਯੋਜਨਾ ਤੁਹਾਨੂੰ ਸਿਰਫ਼ ਇਸ ਡੇਟਾ ਉਲੰਘਣਾ ਕਾਰਨ ਹੋਏ ਆਰਥਿਕ ਨੁਕਸਾਨ ਅਤੇ ਗ਼ੈਰ-ਆਰਥਿਕ ਨੁਕਸਾਨ ਲਈ ਮੁਆਵਜ਼ਾ ਦੇ ਸਕਦੀ ਹੈ। ਇਹ ਮੁਆਵਜ਼ਾ ਮੁਲਾਂਕਣ ਯੋਜਨਾ ਤੁਹਾਨੂੰ ਕਿਸੇ ਹੋਰ ਘਾਟੇ ਜਾਂ ਨੁਕਸਾਨ ਲਈ ਮੁਆਵਜ਼ਾ ਨਹੀਂ ਦੇ ਸਕਦੀ ਹੈ ਜੋ ਡੇਟਾ ਉਲੰਘਣਾ ਕਾਰਨ ਨਹੀਂ ਹੋਇਆ ਸੀ।


© Norton Rose Fulbright Australia

<u>ਆਰਥਿਕ ਨੁਕਸਾਨ</u>

6.3 ਆਰਥਿਕ ਨੁਕਸਾਨ ਦਾ ਮਤਲਬ ਹੈ ਵਿੱਤੀ ਨੁਕਸਾਨ ਜੋ ਤੁਸੀਂ ਸਹਿਣ ਕੀਤਾ ਹੈ ਜਾਂ ਹੋਇਆ ਹੈ, ਜਿਵੇਂ ਕਿ ਡੇਟਾ ਉਲੰਘਣਾ ਹੋਣ ਕਾਰਨ ਜੋ ਪੈਸਾ ਤੁਸੀਂ ਖ਼ਰਚ ਕੀਤਾ ਹੈ (ਆਪਣੀ ਜੇਬ ਵਿੱਚੋਂ) ਜਾਂ ਜੋ ਆਮਦਨੀ ਤੁਸੀਂ ਪ੍ਰਾਪਤ ਨਹੀਂ ਕਰ ਸਕੇ (ਆਮਦਨੀ ਦਾ ਨੁਕਸਾਨ)। ਇਸ ਵਿੱਚ ਸ਼ਾਮਲ ਹੋ ਸਕਦੇ ਹਨ:

(1) ਡਾਟਾ ਉਲੰਘਣਾ ਹੋਣ ਦੇ ਸਿੱਟੇ ਵਜੋਂ ਤੁਹਾਡੇ ਦੁਆਰਾ ਕੀਤੇ ਗਏ ਆਪਣੀ ਜੇਬ ਵਿੱਚੋਂ ਕੋਈ ਵੀ ਡਾਕਟਰੀ ਖ਼ਰਚੇ। ਇਸ ਵਿੱਚ ਇਹਨਾਂ ਨਾਲ ਸੰਬੰਧਿਤ ਲਾਗਤਾਂ ਸ਼ਾਮਲ ਹੋ ਸਕਦੀਆਂ ਹਨ:

(a) ਮੈਡੀਕਲ ਪ੍ਰੈਕਟੀਸ਼ਨਰਾਂ ਨਾਲ ਸਲਾਹ-ਮਸ਼ਵਰਾ;

(b) ਦਵਾਈਆਂ ਅਤੇ ਇਲਾਜ; ਅਤੇ

(c) ਮੈਡੀਕਲ ਰਿਪੋਰਟਾਂ;

(2) ਡੇਟਾ ਉਲੰਘਣਾ ਦੇ ਨਤੀਜੇ ਵਜੋਂ ਕੰਮ ਕਰਨ ਵਿੱਚ ਅਸਮਰੱਥ ਹੋਣ ਕਾਰਨ ਹੋਇਆ ਆਮਦਨੀ ਦਾ ਕੋਈ ਵੀ ਨੁਕਸਾਨ; ਅਤੇ

(3) ਡੇਟਾ ਉਲੰਘਣਾ ਦੇ ਨਤੀਜੇ ਵਜੋਂ ਤੁਹਾਡੇ ਦੁਆਰਾ ਆਪਣੀ ਜੇਬ ਵਿੱਚੋਂ ਕੀਤੇ ਗਏ ਕੋਈ ਹੋਰ ਖ਼ਰਚੇ, ਜਿਵੇਂ ਕਿ:

(a) ਡੇਟਾ ਉਲੰਘਣਾ ਦੇ ਨਤੀਜੇ ਵਜੋਂ OAIC ਨੂੰ ਕੀਤੀਆਂ ਕੋਈ ਵੀ ਪਿਛਲੀਆਂ ਸ਼ਿਕਾਇਤਾਂ ਜਾਂ ਪਹਿਲੇ ਨੋਟਿਸ ਦਾ ਜਵਾਬ ਦੇਣ ਨਾਲ ਸੰਬੰਧਿਤ ਖ਼ਰਚੇ; ਅਤੇ

(b) ਡੇਟਾ ਉਲੰਘਣਾ ਦੇ ਨਤੀਜੇ ਵਜੋਂ ਆਪਣੀ ਪਛਾਣ ਦੀ ਸੁਰੱਖਿਆ ਕਰਨ ਲਈ ਕੀਤੇ ਖ਼ਰਚੇ।

<u>ਗ਼ੈਰ-ਆਰਥਿਕ ਨੁਕਸਾਨ</u>

6.4 ਗ਼ੈਰ-ਆਰਥਿਕ ਨੁਕਸਾਨ ਦਾ ਮਤਲਬ ਗ਼ੈਰ-ਵਿੱਤੀ ਕਿਸਮ ਦਾ ਨੁਕਸਾਨ ਹੈ (ਜੋ ਕਿ ਕੋਈ ਆਰਥਿਕ ਨੁਕਸਾਨ ਸ਼ਾਮਲ ਨਹੀਂ ਕਰਦਾ ਹੈ) । ਗ਼ੈਰ-ਆਰਥਿਕ ਨੁਕਸਾਨ ਵਿੱਚ ਹੇਠ ਲਿਖੇ ਸ਼ਾਮਲ ਹੋ ਸਕਦੇ ਹਨ:

(1) ਚਿੰਤਾ, ਤਣਾਅ, ਡਰ, ਗੁੱਸਾ, ਦਰਦ ਅਤੇ ਦੁੱਖ ਸਹਾਰਨਾ, ਅਪਮਾਨ ਜਾਂ ਸ਼ਰਮ ਦੀ ਭਾਵਨਾ;

(2) ਡਾਟਾ ਉਲੰਘਣਾ ਦੇ ਨਤੀਜੇ ਵਜੋਂ ਸਰੀਰਕ ਅਤੇ ਮਨੋਵਿਗਿਆਨਕ ਲੱਛਣ, ਜਿਵੇਂ ਕਿ ਨੀਂਦ ਨਾ ਆਉਣਾ ਜਾਂ ਸਿਰ ਦਰਦ; ਅਤੇ

(3) ਚਿੰਤਾ ਜਾਂ ਉਦਾਸੀ ਸਮੇਤ, ਡਾਕਟਰੀ ਸਥਿਤੀਆਂ ਜੋ ਇਸ ਡਾਟਾ ਉਲੰਘਣਾ ਕਾਰਨ ਪੈਦਾ ਹੋਈਆਂ ਜਾਂ ਵਧੀਆਂ ਹਨ, ਜੋ ਕਿ ਡਾਕਟਰੀ ਪ੍ਰੈਕਟੀਸ਼ਨਰ ਦੁਆਰਾ ਪਤਾ ਲਗਾਇਆ ਗਿਆ ਹੈ।

 © Norton Rose Fulbright Australia

## 7 ਮੈਨੂੰ NRFA ਨੂੰ ਕਿਸ ਕਿਸਮ ਦੀ ਜਾਣਕਾਰੀ ਪ੍ਰਦਾਨ ਕਰਨੀ ਚਾਹੀਦੀ ਹੈ?

7.1 ਜਵਾਬ ਫਾਰਮ ਤੁਹਾਨੂੰ ਜਾਣਕਾਰੀ ਦੇ ਵਿਸ਼ੇਸ਼ ਹਿੱਸੇ ਪ੍ਰਦਾਨ ਕਰਨ ਲਈ ਕਹੇਗਾ। ਤੁਹਾਡੇ ਕੋਲ ਆਪਣੇ ਮੁਆਵਜ਼ੇ ਦੇ ਦਾਅਵੇ ਦੇ ਸਮਰਥਨ ਵਿੱਚ ਵਾਧੂ ਸਬੂਤ ਦੇਣ ਕਰਨ ਦਾ ਵਿਕਲਪ ਵੀ ਮੌਜੂਦ ਹੈ।

7.2 ਆਰਥਿਕ ਨੁਕਸਾਨ ਅਤੇ ਗ਼ੈਰ-ਆਰਥਿਕ ਨੁਕਸਾਨ ਲਈ ਮੁਆਵਜ਼ੇ ਬਾਰੇ ਤੁਹਾਡੇ ਹੱਕ ਦਾ ਮੁਲਾਂਕਣ ਕਰਦੇ ਸਮੇਂ NRFA ਕਈ ਤਰ੍ਹਾਂ ਦੇ ਸਬੂਤਾਂ 'ਤੇ ਵਿਚਾਰ ਕਰੇਗਾ।

7.3 ਸਬੂਤ ਦੀਆਂ ਕਿਸਮਾਂ ਦੀਆਂ ਉਦਾਹਰਨਾਂ ਜੋ ਤੁਸੀਂ ਜਮ੍ਹਾਂ ਕਰ ਸਕਦੇ ਹੋ, ਉਹ ਹੇਠਾਂ ਦਿੱਤੇ ਅਨੁਸਾਰ ਹਨ:

<u>ਆਰਥਿਕ ਨੁਕਸਾਨ ਦਾ ਸਮਰਥਨ ਕਰਨ ਲਈ ਸਬੂਤ</u>

(1) ਡਾਟਾ ਉਲੰਘਣਾ ਹੋਣ ਦੇ ਸਿੱਟੇ ਵਜੋਂ ਤੁਹਾਡੇ ਦੁਆਰਾ ਆਪਣੀ ਜੇਬ ਵਿੱਚੋਂ ਕੀਤੇ ਗਏ ਖ਼ਰਚਿਆਂ ਦੀਆਂ ਰਸੀਦਾਂ ਅਤੇ ਹੋਰ ਰਿਕਾਰਡ। ਉਦਾਹਰਨ ਲਈ, ਇਸ ਵਿੱਚ ਇਹਨਾਂ ਲਈ ਰਸੀਦਾਂ ਹੋਣੀਆਂ ਸ਼ਾਮਲ ਹਨ:

(a) ਡਾਟਾ ਉਲੰਘਣਾ ਹੋਣ ਦੇ ਸਿੱਟੇ ਵਜੋਂ ਮੈਡੀਕਲ ਪ੍ਰੈਕਟੀਸ਼ਨਰਾਂ ਨਾਲ ਕੀਤੀਆਂ ਮੁਲਾਕਾਤਾਂ;

(b) ਡਾਟਾ ਉਲੰਘਣਾ ਹੋਣ ਦੇ ਸਿੱਟੇ ਵਜੋਂ ਮੈਡੀਕਲ ਪ੍ਰੈਕਟੀਸ਼ਨਰਾਂ ਦੁਆਰਾ ਤਿਆਰ ਕੀਤੀਆਂ ਰਿਪੋਰਟਾਂ;

(c) ਡੇਟਾ ਉਲੰਘਣਾ ਬਾਰੇ OAIC ਨੂੰ ਕੀਤੀ ਗਈ ਕਿਸੇ ਪਿਛਲੀ ਸ਼ਿਕਾਇਤ ਦੇ ਸੰਬੰਧ ਵਿੱਚ ਜਾਂ ਜਦੋਂ ਤੁਸੀਂ ਡੇਟਾ ਉਲੰਘਣਾ ਦੇ ਨਤੀਜੇ ਵਜੋਂ ਪਹਿਲੇ ਨੋਟਿਸ ਦਾ ਜਵਾਬ ਦਿੱਤਾ ਸੀ, ਦੇ ਸੰਬੰਧ ਵਿੱਚ ਤੁਹਾਡੇ ਦੁਆਰਾ ਖ਼ਰਚੀ ਗਈ ਫ਼ੀਸ (ਜਿਵੇਂ ਕਿ ਕਾਨੂੰਨੀ ਪ੍ਰੈਕਟੀਸ਼ਨਰ 'ਤੇ); ਅਤੇ

(d) ਡਾਟਾ ਉਲੰਘਣਾ ਹੋਣ ਦੇ ਸਿੱਟੇ ਵਜੋਂ ਆਪਣੀ ਪਛਾਣ ਦੀ ਸੁਰੱਖਿਆ ਕਰਨ ਲਈ ਕੀਤੇ ਗਏ ਹੋਰ ਖ਼ਰਚੇ।

(2) ਪੇ-ਸਲਿੱਪਸ (ਵੇਤਨ ਪਰਚੀ), ਤੁਹਾਡੇ ਰੁਜ਼ਗਾਰਦਾਤਾ ਦੀਆਂ ਚਿੱਠੀਆਂ, ਮੈਡੀਕਲ ਸਰਟੀਫ਼ਿਕੇਟ ਅਤੇ ਹੋਰ ਦਸਤਾਵੇਜ਼ ਜੋ ਇਸ ਡੇਟਾ ਉਲੰਘਣਾ ਦੇ ਕਾਰਨ ਕੰਮ ਕਰਨ ਵਿੱਚ ਅਸਮਰੱਥ ਹੋਣ ਕਾਰਨ ਆਮਦਨੀ ਵਿੱਚ ਹੋਏ ਕਿਸੇ ਨੁਕਸਾਨ ਦਾ ਸਬੂਤ ਦਿੰਦੇ ਹਨ; ਅਤੇ

(3) ਤੁਹਾਡੇ, ਤੁਹਾਡੇ ਪਰਿਵਾਰ ਦੇ ਮੈਂਬਰਾਂ ਜਾਂ ਤੁਹਾਡੇ ਨਜ਼ਦੀਕੀ ਵਿਅਕਤੀਆਂ ਦੁਆਰਾ ਦਸਤਖ਼ਤ ਕੀਤੀਆਂ ਕਨੂੰਨੀ ਘੋਸ਼ਣਾਵਾਂ ਜਾਂ ਬਿਆਨ ਜੋ ਇਸ ਡੇਟਾ ਉਲੰਘਣਾ ਦੇ ਨਤੀਜੇ ਵਜੋਂ ਤੁਹਾਨੂੰ ਹੋਏ ਕਿਸੇ ਵੀ ਆਰਥਿਕ ਨੁਕਸਾਨ ਦਾ ਵਰਣਨ ਕਰਦੇ ਹਨ।

<u>ਗ਼ੈਰ-ਆਰਥਿਕ ਨੁਕਸਾਨ ਦਾ ਸਮਰਥਨ ਕਰਨ ਲਈ ਸਬੂਤ</u>

(1) ਤੁਹਾਡੇ, ਤੁਹਾਡੇ ਪਰਿਵਾਰਕ ਮੈਂਬਰਾਂ ਜਾਂ ਤੁਹਾਡੇ ਨੇੜੇ ਦੇ ਹੋਰ ਵਿਅਕਤੀਆਂ ਦੁਆਰਾ ਦਸਤਖ਼ਤ ਕੀਤੀਆਂ ਕਨੂੰਨੀ ਘੋਸ਼ਣਾਵਾਂ ਜਾਂ ਬਿਆਨ ਜੋ ਤੁਹਾਡੇ 'ਤੇ ਇਸ ਡੇਟਾ ਉਲੰਘਣਾ ਦੇ ਪਏ ਪ੍ਰਭਾਵ ਬਾਰੇ ਦੱਸਦੇ ਹਨ, ਜਿਸ ਵਿੱਚ ਇਹ ਵੀ ਸ਼ਾਮਲ ਹੈ ਕਿ ਇਸ ਨੇ ਤੁਹਾਡੀ ਸਰੀਰਕ ਜਾਂ ਮਨੋਵਿਗਿਆਨਕ ਤੰਦਰੁਸਤੀ ਨੂੰ ਕਿਵੇਂ ਪ੍ਰਭਾਵਿਤ ਕੀਤਾ ਹੈ; ਅਤੇ


© Norton Rose Fulbright Australia

(2) ਮੈਡੀਕਲ ਪ੍ਰੈਕਟੀਸ਼ਨਰ ਦੀਆਂ ਰਿਪੋਰਟਾਂ, ਰਿਕਾਰਡ ਅਤੇ ਸਰਟੀਫ਼ਿਕੇਟ ਜੋ ਹੇਠ ਲਿਖਿਆ ਗੱਲਾਂ ਦਾ ਵਰਣਨ ਕਰਦੇ ਹਨ:

(a) ਕੋਈ ਵੀ ਡਾਕਟਰੀ ਸਥਿਤੀਆਂ ਦਾ ਜਿਹੜੀਆਂ ਤੁਹਾਨੂੰ ਸਹਿਣੀਆਂ ਕਰਨੀ ਪਈਆਂ ਹੋ ਸਕਦੀਆਂ ਹਨ ਜੋ ਇਸ ਡੇਟਾ ਉਲੰਘਣ ਕਾਰਨ ਹੋਈਆਂ ਜਾਂ ਵਧ ਗਈਆਂ ਹਨ;

(b) ਇਸ ਡੇਟਾ ਉਲੰਘਣਾ ਦੇ ਨਤੀਜੇ ਵਜੋਂ ਆਪਣੇ ਡਾਕਟਰੀ ਪ੍ਰੈਕਟੀਸ਼ਨਰ ਨਾਲ ਕੀਤੇ ਗਏ ਕਿਸੇ ਵੀ ਸਲਾਹ-ਮਸ਼ਵਰੇ ਦਾ; ਅਤੇ/ਜਾਂ

(c) ਇਸ ਡੇਟਾ ਉਲੰਘਣਾ ਦੇ ਨਤੀਜੇ ਵਜੋਂ ਤੁਹਾਡੇ ਵੱਲੋਂ ਕਰਵਾਏ ਗਏ ਕਿਸੇ ਵੀ ਇਲਾਜ ਦਾ।

## 8 ਕੀ ਮੈਂ ਫ਼ੋਨ 'ਤੇ ਇਸ ਨੋਟਿਸ ਦਾ ਜਵਾਬ ਦੇ ਸਕਦਾ/ਦੀ ਹਾਂ?

8.1 ਜਦੋਂ ਕਿ ਜੇਕਰ ਤੁਸੀਂ ਔਨਲਾਈਨ ਫਾਰਮ (ਜੋ **www.immigrationdatabreach.com.au** 'ਤੇ ਉਪਲਬਧ ਹੈ) ਦੁਆਰਾ ਜਵਾਬ ਦਿੰਦੇ ਹੋ ਤਾਂ ਤੁਹਾਡੇ ਜਵਾਬ 'ਤੇ ਵਧੇਰੇ ਕੁਸ਼ਲਤਾ ਨਾਲ ਕਾਰਵਾਈ ਕੀਤੀ ਜਾਵੇਗੀ, ਪਰ ਤੁਸੀਂ ਫ਼ੋਨ 'ਤੇ ਵੀ ਇਸ ਨੋਟਿਸ ਦਾ ਜਵਾਬ ਦੇਣ ਦੇ ਹੱਕਦਾਰ ਹੋ।

8.2 ਕਿਰਪਾ ਕਰਕੇ (02) 9330 8006 'ਤੇ NRFA ਨਾਲ ਸੰਪਰਕ ਕਰੋ।

## 9 ਯੋਗਤਾ ਪ੍ਰਾਪਤ ਦੁਭਾਸ਼ੀਏ

9.1 ਇਹ ਨੋਟਿਸ ਕਈ ਭਾਸ਼ਾਵਾਂ ਵਿੱਚ ਉਪਲਬਧ ਹੈ। ਕਿਰਪਾ ਕਰਕੇ ਇਸ ਦਸਤਾਵੇਜ਼ ਦੇ ਸ਼ੁਰੂ ਵਿੱਚ ਦਿੱਤੇ ਗਏ ਲਿੰਕ ਨੂੰ ਵੇਖੋ।

9.2 ਤੁਸੀਂ ਇਸ ਨੋਟਿਸ ਦਾ ਜਵਾਬ ਆਪਣੀ ਤਰਜੀਹੀ ਭਾਸ਼ਾ ਵਿੱਚ ਵੀ ਦੇਣ ਦੇ ਹੱਕਦਾਰ ਹੋ। ਕਿਸੇ ਯੋਗਤਾ ਪ੍ਰਾਪਤ ਦੁਭਾਸ਼ੀਏ ਦੀ ਸਹਾਇਤਾ ਲਈ ਬੇਨਤੀ ਕਰਨ ਲਈ ਕਿਰਪਾ ਕਰਕੇ auscas@nortonrosefulbright.com 'ਤੇ ਈਮੇਲ ਰਾਹੀਂ ਜਾਂ (02) 9330 8006 'ਤੇ ਫ਼ੋਨ ਰਾਹੀਂ NRFA ਨਾਲ ਸੰਪਰਕ ਕਰੋ।

## 10 ਕੀ ਮੈਂ ਇਸ ਨੋਟਿਸ ਦਾ ਜਵਾਬ ਦੇਣ ਲਈ ਵਿੱਤੀ ਸਹਾਇਤਾ ਲੈਣ ਦਾ/ਦੀ ਹੱਕਦਾਰ ਹਾਂ?

10.1 ਹਾਂ। ਤੁਸੀਂ ਨੋਟਿਸ ਲਈ ਆਪਣਾ ਜਵਾਬ ਤਿਆਰ ਕਰਦੇ ਸਮੇਂ ਕਿਸੇ ਕਾਨੂੰਨੀ ਪ੍ਰੈਕਟੀਸ਼ਨਰ ਦੁਆਰਾ ਤੁਹਾਨੂੰ ਪ੍ਰਦਾਨ ਕੀਤੀ ਗਈ ਕਿਸੇ ਵੀ ਸਹਾਇਤਾ ਦੀ ਲਾਗਤ ਨੂੰ ਪੂਰਾ ਕਰਨ ਲਈ $500 ਤੱਕ ਦਾ ਦਾਅਵਾ ਕਰਨ ਦੇ ਹੱਕਦਾਰ ਹੋ। ਇਸ ਵਿੱਤੀ ਸਹਾਇਤਾ ਦਾ ਦਾਅਵਾ ਜਵਾਬ ਫ਼ਾਰਮ ਰਾਹੀਂ ਕੀਤਾ ਜਾ ਸਕਦਾ ਹੈ।

10.2 ਤੁਹਾਨੂੰ ਇਸ ਮੁਆਵਜ਼ਾ ਮੁਲਾਂਕਣ ਸਕੀਮ ਵਿੱਚ (ਇਸ ਨੋਟਿਸ ਅਤੇ ਜਵਾਬ ਫ਼ਾਰਮ ਦੀਆਂ ਅਨੁਵਾਦਿਤ ਕਾਪੀਆਂ ਪ੍ਰਾਪਤ ਕਰਨ ਸਮੇਤ) ਤੁਹਾਡੀ ਭਾਗੀਦਾਰੀ ਦੇ ਦੌਰਾਨ ਇਸ ਸਕੀਮ ਦੇ ਸੰਚਾਲਕ ਦੁਆਰਾ ਪ੍ਰਦਾਨ ਕੀਤੀਆਂ ਗਈਆਂ ਅਨੁਵਾਦ ਜਾਂ ਦੁਭਾਸ਼ੀਆ ਸੇਵਾਵਾਂ ਲਈ ਭੁਗਤਾਨ ਕਰਨ ਦੀ ਲੋੜ ਵੀ ਨਹੀਂ ਹੈ।

## 11 ਸਵਾਲ ਅਤੇ ਸਹਾਇਤਾ

11.1 ਜੇਕਰ ਤੁਹਾਨੂੰ ਇਸ ਨੋਟਿਸ ਦਾ ਜਵਾਬ ਦੇਣ ਵਿੱਚ ਸਹਾਇਤਾ ਦੀ ਲੋੜ ਹੈ ਜਾਂ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ (02) 9330 8006 ਜਾਂ auscas@nortonrosefulbright.com 'ਤੇ NRFA ਨਾਲ ਸੰਪਰਕ ਕਰੋ।


© Norton Rose Fulbright Australia

NORTON ROSE FULBRIGHT

## 12 ਤੁਹਾਡੀ ਨਿੱਜਤਾ

12.1 NRFA ਲਈ ਤੁਹਾਡੀ ਨਿੱਜਤਾ ਮਹੱਤਵਪੂਰਨ ਹੈ। NRFA ਤੁਹਾਡੀ ਨਿੱਜੀ ਜਾਣਕਾਰੀ ਨੂੰ *Privacy Act 1988* (Cth) ਦੇ ਅਨੁਸਾਰ ਸੰਭਾਲੇਗਾ, ਜਿਸ ਵਿੱਚ *ਆਸਟ੍ਰੇਲੀਆ ਦੇ ਨਿੱਜਤਾ ਰੱਖਣ ਦੇ ਸਿਧਾਂਤ* ਸ਼ਾਮਲ ਹਨ।

12.2 Administrative Appeals Tribunal ਦੁਆਰਾ ਜਾਰੀ ਹੁਕਮਾਂ ਦੇ ਤਹਿਤ, NRFA ਨੂੰ ਇਸ ਮੁਆਵਜ਼ਾ ਮੁਲਾਂਕਣ ਯੋਜਨਾ ਦੇ ਤਹਿਤ ਦਿੱਤੇ ਜਾਣ ਵਾਲੇ ਮੁਆਵਜ਼ੇ ਦਾ ਸੁਤੰਤਰ ਰੂਪ ਵਿੱਚ ਮੁਲਾਂਕਣ ਕਰਨ ਲਈ Department of Finance ਦੁਆਰਾ ਨਿਯੁਕਤ ਕੀਤਾ ਗਿਆ ਸੀ। NRFA ਉਸ ਉਦੇਸ਼ ਲਈ ਤੁਹਾਡੀ ਜਾਣਕਾਰੀ ਨੂੰ ਇਕੱਠੀ ਕਰੇਗਾ, ਵਰਤੇਗਾ ਅਤੇ ਖ਼ੁਲਾਸਾ ਕਰੇਗਾ। NRFA ਤੁਹਾਡੇ ਤੋਂ ਨਿੱਜੀ ਜਾਣਕਾਰੀ ਇਕੱਠੀ ਕਰਨ ਤੋਂ ਇਲਾਵਾ, OAIC ਅਤੇ ਇਮੀਗ੍ਰੇਸ਼ਨ ਵਿਭਾਗ ਤੋਂ ਵੀ ਤੁਹਾਡੇ ਬਾਰੇ ਨਿੱਜੀ ਜਾਣਕਾਰੀ ਇਕੱਠੀ ਕਰ ਸਕਦਾ ਹੈ।

12.3 ਜੇਕਰ NRFA ਤੁਹਾਡੀ ਨਿੱਜੀ ਜਾਣਕਾਰੀ ਇਕੱਠੀ ਕਰਨ ਦੇ ਯੋਗ ਨਹੀਂ ਹੈ, ਤਾਂ NRFA ਮੁਆਵਜ਼ੇ ਲਈ ਤੁਹਾਡੇ ਦਾਅਵੇ ਦਾ ਮੁਲਾਂਕਣ ਕਰਨ ਦੇ ਯੋਗ ਨਹੀਂ ਹੋਵੇਗਾ।

12.4 ਜਦੋਂ NRFA ਤੁਹਾਡੇ ਦਾਅਵੇ ਦਾ ਮੁਲਾਂਕਣ ਕਰ ਰਿਹਾ ਹੋਵੇਗਾ, ਤਾਂ NRFA ਨੂੰ ਤੁਹਾਡੀ ਨਿੱਜੀ ਜਾਣਕਾਰੀ Department of Home Affairs ਅਤੇ Department of Finance ਨਾਲ ਸਾਂਝੀ ਕਰਨ ਦੀ ਲੋੜ ਹੋਵੇਗੀ। ਇਹ ਤੁਹਾਡੇ ਦਾਅਵੇ ਅਤੇ ਸਾਡੇ ਮੁਲਾਂਕਣ ਨੂੰ ਸਮਝਣ ਅਤੇ ਜਵਾਬ ਦੇਣ ਵਿੱਚ ਇਹਨਾਂ ਵਿਭਾਗਾਂ ਦੀ ਮੱਦਦ ਕਰਨ ਲਈ ਹੈ। NRFA ਨੂੰ ਤੁਹਾਡੀ ਨਿੱਜੀ ਜਾਣਕਾਰੀ ਨੂੰ ਸੁਤੰਤਰ ਸਲਾਹਕਾਰਾਂ ਜਿਵੇਂ ਕਿ ਮੈਡੀਕਲ ਅਤੇ ਕਾਨੂੰਨੀ ਪ੍ਰੈਕਟੀਸ਼ਨਰਾਂ ਨਾਲ ਵੀ ਸਾਂਝਾ ਕਰਨ ਦੀ ਲੋੜ ਹੋ ਸਕਦੀ ਹੈ।

12.5 ਅਸੀਂ ਤੁਹਾਡੀ ਨਿੱਜੀ ਜਾਣਕਾਰੀ ਨੂੰ ਸਾਡੇ ਸਟਾਫ਼ ਅਤੇ ਠੇਕੇਦਾਰਾਂ ਨਾਲ ਸਾਂਝਾ ਕਰ ਸਕਦੇ ਹਾਂ ਜੋ ਤੁਹਾਡੀ ਨਿੱਜੀ ਜਾਣਕਾਰੀ ਨੂੰ ਸਟੋਰ ਕਰਨ ਲਈ ਵਰਤੀ ਜਾਣ ਵਾਲੀ ਸੂਚਨਾ ਤਕਨਾਲੋਜੀ ਦਾ ਪ੍ਰਬੰਧਨ ਕਰਨ ਵਿੱਚ ਸਾਡੀ ਮੱਦਦ ਕਰਦੇ ਹਨ। ਉਹਨਾਂ ਵਿੱਚੋਂ ਕੁੱਝ ਸਟਾਫ਼ ਅਤੇ ਠੇਕੇਦਾਰ ਆਸਟ੍ਰੇਲੀਆ ਤੋਂ ਬਾਹਰ ਸਥਿਤ ਹੋ ਸਕਦੇ ਹਨ, ਜਿਵੇਂ ਕਿ ਯੂ.ਕੇ. ਵਿੱਚ

12.6 NRFA ਦੀ ਨਿੱਜਤਾ ਨੀਤੀ ਵਿੱਚ ਇਸ ਬਾਰੇ ਜਾਣਕਾਰੀ ਸ਼ਾਮਲ ਹੈ ਕਿ ਤੁਸੀਂ ਸਾਡੇ ਕੋਲ ਤੁਹਾਡੇ ਬਾਰੇ ਮੌਜੂਦ ਉਸ ਨਿੱਜੀ ਜਾਣਕਾਰੀ ਤੱਕ ਕਿਵੇਂ ਪਹੁੰਚ ਕਰ ਸਕਦੇ ਹੋ ਅਤੇ ਉਸ ਜਾਣਕਾਰੀ ਵਿੱਚ ਸੁਧਾਰ ਦੀ ਮੰਗ ਕਰਦੇ ਹਾਂ। ਨਿੱਜਤਾ ਨੀਤੀ ਵਿੱਚ ਇਹ ਵੀ ਜਾਣਕਾਰੀ ਸ਼ਾਮਲ ਹੈ ਕਿ ਤੁਸੀਂ ਆਸਟ੍ਰੇਲੀਆ ਦੇ ਨਿੱਜਤਾ ਰੱਖਣ ਸੰਬੰਧੀ ਸਿਧਾਂਤਾਂ ਦੀ ਉਲੰਘਣਾ ਬਾਰੇ ਕਿਵੇਂ ਸ਼ਿਕਾਇਤ ਕਰ ਸਕਦੇ ਹੋ, ਅਤੇ NRFA ਅਜਿਹੀ ਸ਼ਿਕਾਇਤ ਨਾਲ ਕਿਵੇਂ ਨਜਿੱਠੇਗਾ। ਤੁਸੀਂ NRFA ਦੀ ਨਿੱਜਤਾ ਨੀਤੀ ਨੂੰ ਇਸਦੀ ਵੈੱਬਸਾਈਟ 'ਤੇ ਇੱਥੇ ਦੇਖ ਸਕਦੇ ਹੋ: https://www.nortonrosefulbright.com/en-au/global-statements/privacy-notice

12.7 Department of Home Affairs ਅਤੇ Department of Finance ਦੀਆਂ ਨਿੱਜਤਾ ਨੀਤੀਆਂ ਵਿੱਚ ਇੱਕੋ ਕਿਸਮ ਦੀ ਜਾਣਕਾਰੀ ਸ਼ਾਮਲ ਹੈ:

- Department of Home Affairs: https://www.homeaffairs.gov.au/access-and-accountability/our-commitments/privacy
- Department of Finance: https://www.finance.gov.au/about-us/privacy-policy-summary

12.8 ਜੇਕਰ ਤੁਹਾਡੇ ਕੋਲ ਉਸ ਨਿੱਜੀ ਜਾਣਕਾਰੀ ਬਾਰੇ ਕੋਈ ਸਵਾਲ ਹਨ ਜੋ ਅਸੀਂ ਇਕੱਠੀ ਕੀਤੀ ਹੈ ਅਤੇ ਅਸੀਂ ਤੁਹਾਡੀ ਜਾਣਕਾਰੀ ਨੂੰ ਕਿਵੇਂ ਸੰਭਾਲਾਂਗੇ, ਜਿਸ ਵਿੱਚ ਤੁਹਾਡੇ ਦੁਆਰਾ ਜਮ੍ਹਾ ਕਰਵਾਈ ਗਈ ਨਿੱਜੀ ਜਾਣਕਾਰੀ ਵਿੱਚ ਕੋਈ ਸੁਧਾਰ ਕਰਨ ਦੀ ਲੋੜ ਵੀ ਸ਼ਾਮਲ ਹੈ, ਤਾਂ ਕਿਰਪਾ ਕਰਕੇ Norton Rose Fulbright Australia ਨਾਲ auscas@nortonrosefulbright.com 'ਤੇ ਜਾਂ (02) 9330 8006 'ਤੇ ਸੰਪਰਕ ਕਰੋ।


© Norton Rose Fulbright Australia